# ਭਰਮ

## ਭਾਗ-4

ਆਪੀਨੈ@ ਆਪੁ ਸਾਜਿਓ ਆਪੀਨੈ@ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਪੰਨਾ-463)

ਗੁਰਬਾਣੀ ਦੀਆਂ ਉਪਰਲੀਆਂ ਪੰਗਤੀਆਂ ਅਨੁਸਾਰ, ਅਕਾਲ ਪੁਰਖ ਨੇ ਆਪਣੇ 'ਆਪ' ਨੂੰ ਸਾਜਨ ਦੇ ਨਾਲ ਹੀ ਆਪਣਾ 'ਪ੍ਰਕਾਸ਼' ਰਚਿਆ, ਜਿਸ ਨੂੰ ਗੁਰਬਾਣੀ ਵਿਚ 'ਸਬਦ' ਅਥਵਾ 'ਨਾਮ' ਕਿਹਾ ਗਿਆ ਹੈ।

ਜਿਸ ਤਰ੍ਹਾਂ 'ਸੂਰਜ' ਦੀ ਰੋਸ਼ਨੀ ਅਥਵਾ 'ਧੁੱਪ' ਹਰ ਪਾਸੇ ਆਪ-ਮੁਹਾਰੇ, ਸਹਿਜ-ਸੁਭਾਇ ਪ੍ਰਕਾਸ਼ਿਤ ਹੋ ਰਹੀ ਹੈ—ਉਸੇ ਤਰ੍ਹਾਂ ਅਕਾਲ ਪੁਰਖ ਦਾ ਪ੍ਰਕਾਸ਼ ਰੂਪੀ 'ਸਬਦ' ਅਥਵਾ 'ਨਾਮ' ਭੀ ਕਾਇਨਾਤ ਦੇ ਹਰ ਪਾਸੇ, ਓਤ-ਪੋਤ, ਤਾਣੇ-ਪੇਟੇ, ਜ਼ੱਰੇ-ਜ਼ੱਰੇ ਵਿਚ ਪ੍ਰਕਾਸ਼ਤ ਅਤੇ ਪ੍ਰਵਿਰਤ ਹੋ ਕੇ ਰਵਿ-ਰਹਿਆ ਭਰਪੂਰ ਹੈ ।

ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ ॥
ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ ਤਾ ਕਾ ਅੰਤੁ ਨ ਪਾਇਆ ॥ (ਪੰਨਾ-1112)

'ਸੂਰਜ' ਦ੍ਰਿਸ਼ਟਮਾਨ ਹੈ ਅਤੇ ਉਸ ਦੀ 'ਧੁਪ' ਭੀ ਦ੍ਰਿਸ਼ਟਮਾਨ ਹੈ, ਪਰ ਅਕਾਲ ਪੁਰਖ ਅਦ੍ਰਿਸ਼ਟ ਅਗੋਚਰ ਅਤੇ ਅਪਾਰ ਹੈ, ਜੋ ਸਿਰਫ਼ ਅਨੁਭਵ ਦੁਆਰਾ ਹੀ ਬੁੱਝਿਆ, ਸੀਝਿਆ ਅਤੇ ਪਹਿਚਾਨਿਆ ਜਾ ਸਕਦਾ ਹੈ ।

ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ॥
(ਪੰ.-597)

ਆਪੇ ਗੁਪਤੁ ਵਰਤੈ ਸਭ ਅੰਤਰਿ ਗੁਰ ਕੈ ਸਬਦਿ ਪਛਾਤਾ ਹੇ॥ (ਪੰਨਾ-1052)

ਜਿਸ ਤਰ੍ਹਾਂ ਸੂਰਜ ਦੀ 'ਧੁੱਪ' ਵਿਚ ਗਰਮੀ, ਰੋਸ਼ਨੀ, ਸ਼ਕਤੀ, ਜੀਵਨ ਆਦਿ ਅਨੇਕਾਂ 'ਗੁਣ' ਪ੍ਰਵੇਸ਼ ਹਨ—ਉਸੇ ਤਰ੍ਹਾਂ ਅਕਾਲ ਪੁਰਖ ਦੇ ਪ੍ਰਕਾਸ਼ ਰੂਪੀ 'ਸਬਦ' ਅਥਵਾ 'ਨਾਮ' ਵਿਚੋਂ ਭੀ ਅਨੇਕਾਂ 'ਦੈਵੀ ਗੁਣ' ਸਹਿਜ-ਸੁਭਾਇ, ਸਦੀਵੀ ਪ੍ਰਕਾਸ਼ਤ ਅਤੇ ਪ੍ਰਵਿਰਤ ਹੋ ਰਹੇ ਹਨ, ਜਿਹਾ ਕਿ—

ਆਤਮ-ਪ੍ਰਕਾਸ਼
ਤੱਤ-ਗਿਆਨ

ਹੁਕਮ
ਅਨਹਦ ਧੁਨੀ
ਅਨਹਦ ਬਾਣੀ
ਮਿਹਰ
ਖਿਮਾ
ਦਇਆ
ਸੁਖ
ਖਿੱਚ
ਪ੍ਰੇਮ
ਅਸਚਰਜ ਸੁਆਦ
ਬਿਸਮਾਦੀ ਅਨੰਦ
ਮਹਾਂ-ਰਸ, ਆਦਿ ।

ਇਹਨਾਂ ਸਾਰਿਆਂ ਆਤਮਿਕ ਗੁਣਾਂ ਦੇ ਸੰਗ੍ਰਹਿ ਨੂੰ ਹੀ ਗੁਰਬਾਣੀ ਵਿਚ 'ਨਾਮ' ਕਿਹਾ ਗਿਆ ਹੈ।

ਭਾਵੇਂ ਗੁਰਬਾਣੀ ਵਿਚ ਕਈ ਵਾਰੀ ਇਸ 'ਨਾਮ' ਦਾ ਜ਼ਿਕਰ ਆਇਆ ਹੈ ਅਤੇ ਅਸੀਂ ਕਿਤਨੇ ਹੀ ਸਮੇਂ ਤੋਂ ਇਸਦੀ ਬਾਬਤ ਪੜ੍ਹਦੇ ਤੇ ਸੁਣਦੇ ਰਹੇ ਹਾਂ—ਪਰ ਸਾਨੂੰ ਇਸ 'ਨਾਮ-ਅਮੋਲ' ਦੀ ਅਜੇ ਤਾਈਂ ਸੋਝੀ ਹੀ ਨਹੀਂ ਆਈ, ਕਿਉਂਕਿ ਅਸੀਂ ਇਸ ਨੂੰ ਆਪਣੀ ਅਲਪ ਬੁੱਧੀ ਨਾਲ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਸਾਨੂੰ ਤਾਂ ਕਦੀ ਨਾ ਹੀ 'ਅਨੁਭਵੀ ਤਤ-ਗਿਆਨ' ਦੀ ਪ੍ਰਾਪਤੀ ਹੋਈ ਹੈ, ਨਾ ਹੀ 'ਬਿਸਮਾਦੀ ਰਸ' ਦੀ ਅਨੁਭਵਤਾ ਹੋਈ ਹੈ ਅਤੇ ਨਾ ਹੀ 'ਪ੍ਰੇਮ ਰਸ' ਦਾ ਸੁਆਦ ਮਾਣਿਆ ਹੈ ।

ਇਸ ਗਹਿਰ, ਗੰਭੀਰ, ਅਥਾਹ, ਸਾਰ, 'ਤਤ-ਵਸਤੂ', 'ਨਾਮ' ਦੇ ਵਿਸ਼ੇ ਨੂੰ ਅਸੀਂ ਦਿਮਾਗੀ ਗਿਆਨ ਦਾ ਵਿਸ਼ਾ ਹੀ ਸਮਝਿਆ ਹੋਇਆ ਹੈ।

ਪਰ, ਇਹ ਆਤਮ-ਪ੍ਰਕਾਸ਼ ਰੂਪ 'ਨਾਮ' ਆਤਮਿਕ ਵਸਤੂ ਹੈ, ਜੋ ਕਿ ਆਤਮਿਕ ਮੰਡਲ ਵਿਚ ਪ੍ਰਕਾਸ਼ਿਤ ਹੈ, ਅਤੇ ਜਿਸ ਨੂੰ ਸਿਰਫ਼ ਅਨੁਭਵ ਦੁਆਰਾ ਹੀ ਬੁੱਝਿਆ ਤੇ ਮਾਣਿਆ ਜਾ ਸਕਦਾ ਹੈ।

ਅਕਾਲ ਪੁਰਖ ਨੇ ਇਸ ਆਤਮ ਮੰਡਲ ਵਿਚੋਂ 'ਦੂਜਾ ਦੋਇ' ਅਥਵਾ 'ਦੂਜਾ ਭਾਉ' ਰਚਿਆ ਹੈ, ਜਿਸ ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ—

ਏਕਸੁ ਤੇ ਸਭੁ ਦੂਜਾ ਹੂਆ ॥
ਏਕੋ ਵਰਤੈ ਅਵਰੁ ਨ ਬੀਆ ॥ (ਪੰਨਾ-842)

ਦੂਜਾ ਭਾਉ ਰਚਾਇਓਨੁ ਤ੍ਰੈਗੁਣ ਵਰਤਾਰਾ ॥...
ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥ (ਪੰਨਾ-948)

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਪੰਨਾ-463)

ਅਕਾਲ ਪੁਰਖ ਨੇ ਆਪਣੀ ਮੌਜ ਵਿਚ ਇਹ 'ਦੂਜੀ ਕੁਦਰਤ' ਅਥਵਾ 'ਮਾਇਕੀ ਮੰਡਲ' ਰਚਿਆ। ਇਸ ਮਾਇਕੀ ਮੰਡਲ ਵਿਚੋਂ—

ਹਉਮੈ

ਮੈਂ-ਮੇਰੀ

ਦੂਜਾ-ਭਾਉ

ਖ਼ੁਦ ਗਰਜ਼ੀ

ਈਰਖਾ-ਦਵੈਤ

ਵੈਰ-ਵਿਰੋਧ

ਖਿਚੋ-ਤਾਣ

ਦੁਖ-ਕਲੇਸ਼

ਆਦਿ, ਅਨੇਕਾਂ ਮਾਇਕੀ 'ਅਉਗੁਣ' ਉਪਜਦੇ ਅਤੇ ਪ੍ਰਵਿਰਤ ਹੁੰਦੇ ਹਨ।

ਇਸ 'ਦੂਜੇ ਭਾਉ' ਵਾਲੀ 'ਦੁਯੀ ਕੁਦਰਤ' ਦੀ ਪ੍ਰਵਿਰਤੀ ਸਿਰਫ਼ ਤ੍ਰੈ-ਗੁਣੀ ਮਾਇਕੀ ਮੰਡਲ ਤਾਈਂ ਸੀਮਤ ਹੈ।

'ਹਨੇਰੇ' ਵਿਚ ਅਨੇਕਾਂ ਠੋਕਰਾਂ, ਭਰਮ-ਭੁਲੇਖੇ ਅਤੇ ਦੁਖ ਕਲੇਸ਼ ਆਦਿ ਉਪਜਦੇ ਹਨ।

ਐਨ ਏਸੇ ਤਰ੍ਹਾਂ 'ਆਤਮ-ਪ੍ਰਕਾਸ਼' ਦੇ 'ਤਤ-ਗਿਆਨ' ਤੋਂ ਬਗੈਰ, ਤ੍ਰੈ-ਗੁਣੀ ਮਾਇਕੀ ਅਗਿਆਨਤਾ ਦੇ ਭਰਮ-ਮਈ ਅੰਧ-ਗੁਬਾਰ ਵਿਚ, ਜੀਵ ਨੂੰ ਬੇਅੰਤ ਦੁਖ-ਕਲੇਸ਼ ਭੋਗਣੇ ਪੈਂਦੇ ਹਨ ਅਤੇ ਜੋ ਭੀ 'ਕਰਮ-ਧਰਮ' ਕਰਦਾ ਹੈ ਉਹ ਸਭ ਅਧੂਰੇ ਅਤੇ ਗਲਤ ਹੁੰਦੇ ਹਨ। ਗੁਰਬਾਣੀ ਵਿਚ 'ਜੀਵ' ਦੀ ਇਸ ਮਾਨਸਿਕ ਹਾਲਤ ਨੂੰ ਇਉਂ ਬਿਆਨ ਕੀਤਾ ਹੈ—

ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥ (ਪੰਨਾ-87)

ਹਉ ਹਉ ਕਰੇ ਤੈ ਆਪੁ ਜਣਾਏ ॥
ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥ (ਪੰਨਾ-127)

ਮਨਮੁਖ ਮਾਇਆ ਮੋਹੁ ਹੈ ਨਾਮਿ ਨ ਲਗੋ ਪਿਆਰੁ ॥
ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ ॥
ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤੇ ਹੋਇ ਸਭੁ ਛਾਰੁ ॥
ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ ॥
ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹਿ ਹੋਇ ਖੁਆਰੁ ॥
(ਪੰਨਾ-552)

ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥
ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ ॥ (ਪੰਨਾ-593)

ਬਿਨੁ ਨਾਵੈ ਸਭ ਦੁਖੁ ਸੰਸਾਰਾ ॥
ਬਹੁ ਕਰਮ ਕਮਾਵਹਿ ਵਧਹਿ ਵਿਕਾਰਾ ॥ (ਪੰਨਾ-1062)

'ਹਨੇਰੇ' ਦੀ ਆਪਣੀ ਕੋਈ ਹਸਤੀ ਨਹੀਂ ਹੈ ।
ਰੌਸ਼ਨੀ ਦੀ 'ਅਣਹੋਂਦ' ਨੂੰ ਹਨੇਰਾ ਕਿਹਾ ਜਾਂਦਾ ਹੈ ।

ਅਕਾਲ ਪੁਰਖ ਹੀ 'ਸਚ' ਹੈ ਅਤੇ ਉਸ ਵਿਚੋਂ ਉਪਜਿਆ 'ਪ੍ਰਕਾਸ਼' ਅਥਵਾ 'ਨਾਮ' ਭੀ ਸਚ ਅਤੇ ਅਟੱਲ ਹੈ। ਇਸ ਆਤਮ-ਪ੍ਰਕਾਸ਼ ਅਥਵਾ ਨਾਮ ਦੇ ਇਲਾਵਾ, ਬਾਕੀ ਸਭ ਕੁਝ 'ਦੂਜਾ-ਭਾਉ', ਭਰਮ-ਭੁਲਾਵਾ ਅਥਵਾ 'ਮਾਇਆ' ਹੀ ਹੈ, ਜਿਸ ਵਿਚ ਸਾਰੀ ਕਾਇਨਾਤ ਪ੍ਰਵਿਰਤ ਹੈ ।

ਸਾਰੇ ਜੀਵ ਇਸ ਕੂੜ-ਰੂਪੀ ਭਰਮ ਦੇ ਅੰਧਕਾਰ ਵਿਚ ਇਤਨੇ ਗਲਤਾਨ, ਮਸਤ ਅਤੇ ਸੰਤੁਸ਼ਟ ਹਨ, ਕਿ ਇਹਨਾਂ ਨੂੰ ਇਸ ਕੂੜੇ ਭਰਮ ਗੜ੍ਹ ਤੋਂ ਇਲਾਵਾ ਹੋਰ ਕਿਸੇ ਉਚੇ-ਸੁੱਚੇ ਆਤਮ-ਮੰਡਲ ਦਾ ਖਿਆਲ ਹੀ ਨਹੀਂ ਆਉਂਦਾ ਯਾ ਜਾਣ-ਬੁੱਝ ਕੇ ਅਵੇਸਲੇ, ਬੇ-ਪ੍ਰਵਾਹ ਅਥਵਾ ਮਚਲੇ ਹੋਏ ਹੋਏ ਹਨ ।

ਇਸ ਤਰ੍ਹਾਂ ਅਸੀਂ ਆਪਣੇ ਕੂੜੇ ਭਰਮ ਦੀ ਮੋਹ-ਮਾਇਆ ਵਿਚ ਹੀ ਆਪਣਾ ਅਮੋਲਕ ਜੀਵਨ ਅਜਾਈਂ ਗਵਾ ਰਹੇ ਹਾਂ ।

ਗੁਰਬਾਣੀ ਵਿਚ ਸਾਡੇ ਇਸ ਕੂੜ-ਰੂਪੀ ਭਰਮ ਦੇ ਜੀਵਨ ਨੂੰ ਇਉਂ ਦਰਸਾਇਆ ਗਿਆ ਹੈ—

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣ@ਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥ (ਪੰਨਾ-468)

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ (ਪੰਨਾ-1083)

ਜਿਸ ਤਰ੍ਹਾਂ ਲਕੜ ਦੀ ਅਗਨੀ ਰਾਹੀਂ ਧੂੰਏਂ ਦੀ 'ਕਾਲਖ' ਪ੍ਰਗਟ ਹੁੰਦੀ ਹੈ, ਉਸੇ ਤਰ੍ਹਾਂ 'ਭਰਮ ਕੀ ਛਾਇਆ' ਸਾਡੇ ਮਨ, ਬੁੱਧੀ, ਅੰਤਿਸ਼ਕਰਨ ਵਿਚ ਗੁਪਤੀ ਤੌਰ ਤੇ ਚਿੰਬੜੀ ਹੋਈ ਹੈ ਅਤੇ ਸਾਡੇ ਜੀਵਨ ਦੇ ਹਰ ਪੱਖ ਦੁਆਰਾ 'ਪ੍ਰਗਟ-ਪਹਾਰੇ' ਹੋ ਕੇ ਜਾਪਦੀ ਹੈ। ਪਰ, ਅਤਿਅੰਤ ਅਚੰਭੇ ਵਾਲੀ ਗੱਲ ਤਾਂ ਇਹ ਹੈ, ਕਿ ਭਾਵੇਂ ਜੀਵ ਇਸੇ ਦੂਜੇ ਭਾਉ, ਭਰਮ, ਹਉਮੈ, ਘੋਰ ਅੰਧਕਾਰ ਅਤੇ ਦੁਬਿਧਾ ਵਿਚ, ਜਨਮਾਂ-ਜਨਮਾਂ ਤੋਂ ਵਿਚਰਦਾ ਆਇਆ ਹੈ ਅਤੇ ਹੁਣ ਭੀ ਇਸੇ ਅੰਧਕਾਰ ਅਥਵਾ ਭਰਮ ਵਿਚ ਪ੍ਰਵਿਰਤ ਹੈ। ਪਰ, ਜੀਵ ਨੂੰ ਇਸ ਦੀ

ਬਾਬਤ ਸੋਝੀ ਹੀ ਨਹੀਂ ਅਤੇ ਇਸ ਦੀ ਬਾਬਤ ਜਾਨਣ ਦੀ 'ਲੋੜ' ਹੀ ਨਹੀਂ ਭਾਸਦੀ ਅਤੇ ਨਾ ਹੀ ਅਸੀਂ ਆਪਣੇ 'ਭਰਮ' ਨੂੰ ਮੰਨਣ ਲਈ ਤਿਆਰ ਹਾਂ।

ਦੂਜੇ ਭਾਉ ਦੀ ਇਸ 'ਭਰਮ ਦੀ ਛਾਇਆ' ਬਾਬਤ ਗੁਰਬਾਣੀ ਇਉਂ ਚਾਨਣਾ ਪਾਉਂਦੀ ਹੈ—

ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ ॥ (ਪੰਨਾ-425)

ਭਰਮੇ ਭੂਲਾ ਫਿਰੈ ਸੰਸਾਰੁ ॥<br>
ਮਰਿ ਜਨਮੈ ਜਮੁ ਕਰੈ ਖੁਆਰੁ ॥ (ਪੰਨਾ-560)

ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥ (ਪੰਨਾ-593)

ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥<br>
ਬਿਨੁ ਬੂਝੇ ਸਭੁ ਭਾਉ ਹੈ ਦੂਜਾ ॥ (ਪੰਨਾ-841)

ਨਾਨਕ ਸਚਾ ਏਕੁ ਹੈ ਦੂਹੁ ਵਿਚਿ ਹੈ ਸੰਸਾਰੁ ॥ (ਪੰਨਾ-950)

ਸਾਡੇ—

ਪ੍ਰਵਾਰਕ ਜੀਵਨ<br>
ਭਾਈਚਾਰਕ ਜੀਵਨ<br>
ਵਿਵਹਾਰਕ ਜੀਵਨ<br>
ਰਾਜਨੀਤਿਕ ਜੀਵਨ<br>
ਧਾਰਮਿਕ ਜੀਵਨ<br>
ਸਮਾਜਿਕ ਜੀਵਨ<br>
ਸਭਿਅਤਾ<br>
ਮਨੁਖਤਾ

ਨੂੰ ਭੀ, ਏਸੇ 'ਭਰਮ-ਭੁਲਾਵੇ' ਦੀ 'ਰੰਗਤ' ਯਾ 'ਪਿਉਂਦ' ਚੜ੍ਹੀ ਹੋਈ ਹੈ। ਮਨੁਖਤਾ ਦੀ ਇਹ 'ਨਵੀਨ ਸਭਿਅਤਾ' (modern civilization) ਆਪਣੇ ਸ਼ਿਖਰ ਤਾਈਂ ਪਹੁੰਚ ਚੁਕੀ ਹੈ ਅਤੇ ਇਸ ਦਾ ਸਾਨੂੰ ਅਤੀ ਮਾਣ ਹੈ ।

ਪਰ ਇਸ ਸਭਿਅਤਾ ਦੀਆਂ ਮਾਨਸਿਕ ਅਤੇ ਵਿਗਿਆਨਕ ਪ੍ਰਾਪਤੀਆਂ ਮਾਇਕੀ ਭਰਮ-ਭੁਲਾਵੇ ਦੇ ਦਾਇਰੇ ਅੰਦਰ ਹੀ ਪ੍ਰਵੇਸ਼, ਪ੍ਰਵਿਰਤ ਅਤੇ ਸੀਮਤ ਹਨ ਅਤੇ ਇਹਨਾਂ ਦਾ ਆਤਮਿਕ ਮੰਡਲ ਨਾਲ ਕੋਈ ਸੰਬੰਧ ਨਹੀਂ ਹੈ।

ਇਸ ਦਾ ਪ੍ਰਤੱਖ ਸਬੂਤ ਇਹ ਹੈ, ਕਿ ਜਿਉਂ-ਜਿਉਂ ਸਾਡੀ ਸਭਿਅਤਾ ਵਿਕਸਿਤ ਹੋ ਕੇ ਨਵੀਨ ਹੁੰਦੀ ਜਾਂਦੀ ਹੈ—ਤਿਉਂ-ਤਿਉਂ ਸਾਡਾ ਸਦਾਚਾਰ ਅਤੇ 'ਮਨੁੱਖਤਾ' ਨਿਘਰਦੀ ਜਾਂਦੀ ਹੈ ਅਤੇ ਨਾਲ ਹੀ ਇਸ ਦੀ ਕਦਰ-ਕੀਮਤ ਭੀ ਘਟਦੀ ਜਾ ਰਹੀ ਹੈ ।

ਏਸੇ ਕਾਰਣ ਸੰਸਾਰ ਵਿਚ—

ਈਰਖਾ-ਦਵੈਤ
ਵੈਰ-ਵਿਰੋਧ
ਵਿਸ਼ੇ-ਵਿਕਾਰ
ਬੇ-ਈਮਾਨੀ
ਚੋਰ-ਬਾਜ਼ਾਰੀ
ਜ਼ੁਲਮ

ਆਦਿ, ਅਉਗੁਣ ਵੱਧਦੇ ਜਾ ਰਹੇ ਹਨ ।

ਇਸ ਨਵੀਨ ਸਭਿਅਤਾ ਦੀ ਆਧੁਨਿਕਤਾ ਦੁਆਰਾ ਮਨੁਖਤਾ ਦੇ ਹਿਰਦਿਆਂ ਅੰਦਰ—

ਦਇਆ
ਖਿਮਾ
ਸੇਵਾ
ਪਰਉਪਕਾਰ
ਮਿਲਵਰਤਣ
ਈਮਾਨਦਾਰੀ
ਵਿਸ਼ਵਾਸ
ਆਸਤਿਕਤਾ

ਦਾ ਵਾਧਾ ਹੋਣਾ ਚਾਹੀਦਾ ਸੀ । ਪਰ ਬੜੀ ਹੈਰਾਨੀ ਅਤੇ ਅਫਸੋਸ ਦੀ ਗੱਲ ਹੈ, ਕਿ ਐਨ ਇਸ ਦੇ ਉਲਟ ਸਾਡੀ 'ਨਵੀਨ ਸਭਿਅਤਾ' ਦੀ ਰੌਸ਼ਨੀ ਨਾਲ 'ਮਨੁਖਤਾ' ਪਿਛਲੇ ਜ਼ਮਾਨੇ ਨਾਲੋਂ ਭੀ—

ਸ਼ੱਕੀ
ਖ਼ੁਦਗਰਜ਼
ਵਿਸ਼ਵਾਸ-ਘਾਤੀ
ਜ਼ਾਲਮ
ਅਸ਼ਰਧਕ
ਝੂਠੀ
ਨਾਸਤਿਕ
ਵਿਕਾਰੀ

ਹੋ ਰਹੀ ਹੈ ।

ਇਸ ਤਰ੍ਹਾਂ ਵਿਸ਼ਵ ਵਿਚ—

ਅਸ਼ਾਂਤੀ
ਡਰ
ਖਿੱਚੋ-ਤਾਣ

ਹੇਰਾ-ਫੇਰੀ
ਵੱਢੀ-ਖੋਰੀ
ਸਮਗਲਿੰਗ
ਤੰਗਦਿਲੀ
ਅਤਿਆਚਾਰ

ਹੋ ਰਹੇ ਹਨ ਅਤੇ ਵੱਧਦੇ ਜਾ ਰਹੇ ਹਨ ।

'ਮਨੁਖਤਾ' ਦੀ ਇਹ ਮਾਨਸਿਕ ਗਿਰਾਵਟ ਸਾਡੀ—

ਨਵੀਨ ਸਭਿਅਤਾ
ਆਧੁਨਿਕਤਾ
ਵਿਦਵਤਾ
ਵਿਗਿਆਨ
ਫਿਲਾਸਫੀ
ਧਰਮਾਂ
ਧਰਮ ਉਪਦੇਸ਼ਾਂ
ਧਰਮ-ਪ੍ਰਚਾਰ

ਦੇ 'ਬਾਵਜੂਦ' ਵਧਦੀ ਜਾ ਰਹੀ ਹੈ ਅਤੇ 'ਮਨੁਖਤਾ' ਆਪਣੀ ਤਬਾਹੀ ਵਲ ਅੰਨ੍ਹੇਵਾਹ ਦੌੜੀ ਜਾ ਰਹੀ ਹੈ ।

ਜੀਵ ਦੇ ਸੁਧਾਰ ਅਤੇ ਕਲਿਆਨ ਲਈ ਬੇਅੰਤ—

ਸਭਾ ਸੁਸਾਇਟੀਆਂ
ਸੁਧਾਰ ਸੰਸਥਾਵਾਂ
ਸਟੱਡੀ ਸਰਕਲਾਂ
ਲਾਇਬ੍ਰੇਰੀਆਂ
ਭਾਈਚਾਰਕ ਸੰਮੇਲਨ
ਅਮਨ ਕਮੇਟੀਆਂ
ਧਾਰਮਿਕ ਸਮਾਗਮਾਂ
ਯੂ. ਐਨ. ਓ. (U.N.O.)
ਯੂ-ਨੈਸ-ਕੋ (UNESCO)

ਵਰਗੀਆਂ ਅਨੇਕਾਂ ਮਹੱਤਵਪੂਰਨ ਸੁਧਾਰਕ ਸੰਸਥਾਵਾਂ ਕੰਮ ਕਰ ਰਹੀਆਂ ਹਨ, ਜਿਨ੍ਹਾਂ ਉਤੇ ਬੇਅੰਤ ਖਰਚਾ, ਮਿਹਨਤ ਅਤੇ ਵਕਤ ਲਗਦਾ ਹੈ। ਪਰ ਦੇਖਣ ਵਿਚ ਆਉਂਦਾ ਹੈ, ਕਿ ਇਹਨਾਂ ਸਾਰੀਆਂ ਸੰਪਰਦਾਵਾਂ ਦਾ 'ਮਾਨਵਤਾ' ਉਤੇ ਬਹੁਤ ਘੱਟ ਯਾ ਆਰਜੀ ਅਸਰ ਹੁੰਦਾ ਹੈ ਅਤੇ ਸੰਸਾਰ ਦੀ ਸਮੁੱਚੀ ਮਾਨਸਿਕ ਅਤੇ ਧਾਰਮਿਕ ਹਾਲਤ ਨਿਘਰਦੀ

ਜਾ ਰਹੀ ਹੈ ।

ਜੀਵ ਦੀ ਇਸ ਗੰਭੀਰ ਅਤੇ ਭਿਆਨਕ ਅਵਸਥਾ ਦਾ ਮੂਲ ਕਾਰਣ ਮਾਇਕੀ 'ਭਰਮ' ਹੀ ਹੈ । 'ਮਨੁਖਤਾ' ਦੀ ਇਸ ਦੁਰਦਸ਼ਾ ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ—

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥ (ਪੰਨਾ-134)

ਪੜਿ ਪੜਿ ਭੂਲਹਿ ਚੋਟਾ ਖਾਹਿ ॥
ਬਹੁਤੁ ਸਿਆਣਪ ਆਵਹਿ ਜਾਹਿ ॥ (ਪੰਨਾ-686)

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥
ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥
ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥
ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥
ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥
ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥
ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥
ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥ (ਪੰਨਾ-1253)

ਸਕੂਲਾਂ-ਕਾਲਜਾਂ ਵਿਚ ਖੇਡਾਂ ਹੁੰਦੀਆਂ ਹਨ, ਤਾਂ ਉਹਨਾਂ ਵਿਚ ਅੱਡ-ਅੱਡ ਸਕੂਲਾਂ-ਕਾਲਜਾਂ ਦੇ ਬੱਚੇ ਹਿੱਸਾ ਲੈਂਦੇ ਹਨ । ਭਾਵੇਂ ਇਹ ਖਿਡਾਰੀ ਖੇਡਾਂ ਵਿਚ ਸਾਰਾ ਧਿਆਨ ਤੇ ਜ਼ੋਰ ਲਾ ਦਿੰਦੇ ਹਨ, ਪਰ ਉਹਨਾਂ ਦਾ ਜੀਵਨ ਮਨੋਰਥ ਅਥਵਾ ਜੀਵਨ-ਸੇਧ ਸਿਰਫ 'ਖੇਡਾਂ' ਹੀ ਨਹੀਂ, ਬਲਕਿ ਪੜ੍ਹਾਈ ਕਰਕੇ ਜੀਵਨ ਨੂੰ ਕਾਮਯਾਬ ਬਣਾਉਣਾ ਹੈ।

ਏਸੇ ਤਰ੍ਹਾਂ ਇਸ ਤ੍ਰੈ-ਗੁਣੀ ਮਾਇਕੀ ਮੰਡਲ ਵਿਚ ਸਾਰਾ ਸੰਸਾਰ ਹੀ ਵੱਡਾ ਮਾਇਕੀ 'ਖੇਲ-ਅਖਾੜਾ' ਹੈ, ਜਿਸ ਵਿਚ ਸਾਰੇ ਜੀਵ 'ਦੂਯੀ ਕੁਦਰਤ' ਅਥਵਾ 'ਵਡ-ਖੇਲ-ਤਮਾਸੇ' ਵਿਚ ਖੇਡ ਕੇ ਪਰਚ ਰਹੇ ਹਨ ।

ਇਸ 'ਵਡ-ਖੇਲ-ਤਮਾਸੇ' ਵਿਚ ਅਕਾਲ ਪੁਰਖ ਜੀਵਾਂ ਰਾਹੀਂ ਆਪੇ ਹੀ ਖੇਲਦਾ ਹੈ, ਅਤੇ ਦੂਜੇ ਪਾਸੇ ਆਪੇ ਹੀ 'ਵੱਖ' ਹੋ ਕੇ, ਆਪਣੇ ਰਚਾਏ ਹੋਏ 'ਵਡ-ਖੇਲ-ਤਮਾਸੇ' ਨੂੰ ਦੇਖ ਕੇ ਪ੍ਰਸੰਨ ਹੋ ਰਿਹਾ ਹੈ । ਇਹ ਸਭ ਚੋਜੀ ਅਕਾਲ ਪੁਰਖ ਦੇ ਆਪਣੇ ਅਲੌਕਿਕ, ਅਸਚਰਜ ਚੋਜ ਅਥਵਾ ਭੇਦ ਹਨ, ਜਿਸ ਨੂੰ 'ਜੀਵ' ਆਪਣੀ ਸੀਮਤ ਬੁੱਧੀ ਨਾਲ ਸਮਝਣ ਤੋਂ ਅਸਮਰਥ ਹਨ ।

ਆਪੇ ਹੀ ਸਭੁ ਆਪਿ ਹੈ ਪਿਆਰਾ ਆਪੇ ਥਾਪਿ ਉਥਾਪੈ ॥
ਆਪੇ ਵੇਖਿ ਵਿਗਸਦਾ ਪਿਆਰਾ ਕਰਿ ਚੋਜ ਵੇਖੈ ਪ੍ਰਭੁ ਆਪੈ ॥ (ਪੰਨਾ-605)

ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ (ਪੰਨਾ–723)

ਆਪੇ ਖੇਲ ਕਰੈ ਸਭਿ ਕਰਤਾ ਐਸਾ ਬੂਝੈ ਕੋਈ ॥ (ਪੰਨਾ–993)

ਅਸੀਂ ਆਪਣੇ ਭਰਮ–ਭੁਲਾਵੇ ਵਾਲੇ ਮਾਇਕੀ ਮੰਡਲ ਦੇ 'ਵਡ–ਖੇਲ–ਤਮਾਸ਼ੇ' ਵਿਚ ਇਤਨੇ ਗਲਤਾਨ, ਖਚਤ, ਮਸਤ ਅਥਵਾ ਗਵਾਚੇ ਹੋਏ ਹਾਂ, ਕਿ ਇਸ 'ਮਾਇਕੀ ਤਮਾਸ਼ੇ' ਨੂੰ ਹੀ ਆਪਣਾ —

ਜੀਵਨ ਉਦੇਸ਼
ਜੀਵਨ ਮਨੋਰਥ
ਜੀਵਨ ਸੇਧ
ਜੀਵਨ ਮੰਜ਼ਿਲ

ਸਮਝੀ ਬੈਠੇ ਹਾਂ।

ਇਸ ਤਰ੍ਹਾਂ ਮਾਇਕੀ 'ਭਰਮ–ਭੁਲਾਵੇ' ਵਿਚ ਇਸ ਆਤਮਿਕ ਭੇਦ ਨੂੰ ਭੁਲ ਜਾਂਦੇ ਹਾਂ, ਕਿ ਅਸੀਂ ਅਕਾਲ ਪੁਰਖ ਦੇ 'ਆਤਮਿਕ ਖਿਡਾਰੀ' ਹਾਂ ਅਤੇ ਇਸ ਤ੍ਰੈ–ਗੁਣੀ ਮਾਇਕੀ ਮੰਡਲ ਤੋਂ ਇਲਾਵਾ, ਸਾਡਾ ਕੋਈ ਹੋਰ ਵੀ —

ਉਚੇਰਾ
ਸੁਚੇਰਾ
ਸੁਹਣੇਰਾ
ਚੰਗੇਰਾ
ਰਸਦਾਇਕ
ਪ੍ਰੇਮ–ਮਈ

ਜੀਵਨ ਮਨੋਰਥ, ਜੀਵਨ–ਸੇਧ ਅਤੇ ਜੀਵਨ–ਮੰਜ਼ਿਲ ਹੈ।

ਐਸੇ ਓਪਰੇ, ਅਧੂਰੇ ਅਤੇ ਗਲਤ —

ਖਿਆਲਾਂ
ਨਿਸਚਿਆਂ
ਵਿਸ਼ਵਾਸ

ਨੂੰ ਹੀ ਗੁਰਬਾਣੀ ਵਿਚ 'ਭਰਮ' ਕਿਹਾ ਗਿਆ ਹੈ, ਜੋ ਕਿ ਸਾਡੇ ਮਨ–ਚਿਤ–ਬੁੱਧੀ–ਅੰਤਿਸ਼ਕਰਨ ਅਥਵਾ ਰਗੋ–ਰੇਸ਼ੇ ਵਿਚ ਇਤਨਾ ਗਹਿਰਾ ਧੱਸਿਆ, ਵੱਸਿਆ ਅਤੇ ਸਮਾਇਆ ਹੋਇਆ ਹੈ, ਕਿ ਅਸੀਂ ਇਸ ਮਾਨਸਿਕ 'ਭਰਮ' ਦਾ ਹੀ 'ਸਰੂਪ' ਬਣ ਚੁਕੇ ਹਾਂ ਅਤੇ ਇਸ 'ਭਰਮ' ਨੂੰ ਹੀ ਸੱਚ ਕਰਕੇ ਮੰਨੀ ਬੈਠੇ ਹਾਂ।

ਦੂਜੇ ਲ਼ਫ਼ਜ਼ਾਂ ਵਿਚ ਜਨਮਾਂ–ਜਨਮਾਂ ਤੋਂ 'ਜੀਵ' ਨੂੰ 'ਦੂਜੈ ਦੋਇ' ਅਥਵਾ 'ਦੂਜੇ ਭਾਉ' ਦੇ ਅਭਿਆਸ ਦੁਆਰਾ 'ਭਰਮ ਦੀ ਛਾਇਆ' ਇਤਨੀ ਗਹਿਰੀ ਅਤੇ ਗੂੜ੍ਹੀ ਹੋ ਚੁਕੀ ਹੈ,

ਅਥਵਾ ਭਰਮ ਦੀ 'ਪਿਉਂਦ' ਚੜ੍ਹੀ ਹੋਈ ਹੈ, ਕਿ ਜੀਵ ਦੀ—

ਸੋਚਣੀ
ਖਿਆਲ
ਵਿਚਾਰ
ਵਲਵਲਿਆਂ
ਵਿਸ਼ਵਾਸ
ਕਰਮ
ਧਰਮ
ਪ੍ਰਮਾਰਥ

ਆਦਿ, ਦੀਆਂ ਤੈਹਾਂ ਅੰਦਰ ਏਸੇ 'ਭਰਮ ਦੀ ਛਾਇਆ' ਚਿਮੜੀ ਰਹਿੰਦੀ ਹੈ। ਇਹ ਮਾਨਸਿਕ ਭਰਮ, ਸਾਡੇ ਜੀਵਨ ਦੇ ਹਰ ਪੱਖ ਵਿਚ ਸਹਿਜ-ਸੁਭਾਇ ਆਪ-ਮੁਹਾਰੇ ਪ੍ਰਗਟ ਅਤੇ ਪ੍ਰਵਿਰਤ ਹੋ ਰਹੇ ਹਨ ।

ਹੈਰਾਨੀ ਦੀ ਗੱਲ ਇਹ ਹੈ, ਕਿ ਭਾਵੇਂ ਇਹ 'ਭਰਮ ਦੀ ਛਾਇਆ' ਸਾਡੇ ਜੀਵਨ ਦਾ 'ਅੰਗ' ਹੀ ਬਣ ਚੁਕੀ ਹੈ, ਪਰ ਅਸੀਂ ਆਪਣੇ 'ਭਰਮ' ਨੂੰ ਮੰਨਣ ਲਈ ਤਿਆਰ ਹੀ ਨਹੀਂ ਅਤੇ ਇਸੇ 'ਭਰਮ' ਨੂੰ ਮੁਕੰਮਲ ਸੱਚ ਮੰਨ ਕੇ ਏਸੇ ਵਿਚ ਪੂਰੀ ਤਰ੍ਹਾਂ ਸੰਤੁਸ਼ਟ ਅਤੇ ਗਲਤਾਨ ਹੋ ਰਹੇ ਹਾਂ ।

ਇਸ ਲਈ ਬਾਵਜੂਦ ਇਤਨੇ—

ਧਰਮਾਂ
ਧਾਰਮਿਕ ਗ੍ਰੰਥਾਂ
ਧਾਰਮਿਕ ਪ੍ਰਚਾਰ
ਧਾਰਮਿਕ ਉਪਦੇਸ਼ਾਂ

ਦੇ, ਜੀਵ ਇਸ 'ਭਰਮ' ਦੇ ਅੰਧਕਾਰ ਵਿਚੋਂ ਨਿਕਲਣ ਨੂੰ ਤਿਆਰ ਹੀ ਨਹੀਂ। ਅੱਵਲ ਤਾਂ ਧਾਰਮਿਕ ਉਪਦੇਸ਼ਾਂ ਨੂੰ ਅਸੀਂ ਗੌਰ ਨਾਲ ਸੁਣਦੇ ਹੀ ਨਹੀਂ, ਜੇ ਸੁਣਦੇ ਭੀ ਹਾਂ, ਤਾਂ ਓਪਰੇ ਜਿਹੇ ਮਨ ਨਾਲ ਹੀ ਹਾਮੀ ਭਰ ਛੱਡਦੇ ਹਾਂ।

ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ ॥ (ਪੰਨਾ-633)

ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ
ਪਸੁ ਜਿਉ ਉਦਰੁ ਭਰਉ ॥ (ਪੰਨਾ-685)

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥ (ਪੰ.-919)

ਏਸੇ ਤਰ੍ਹਾਂ 'ਪਾਪ-ਪੁੰਨ' ਦੀ ਬਾਬਤ ਭੀ ਸਾਨੂੰ ਭਰਮ ਹੈ, ਜਿਸ ਕਾਰਣ ਵਖ-ਵਖ

ਦੇਸਾਂ ਵਿਚ ਭਿੰਨ-ਭਿੰਨ ਲੋਕਾਂ ਦੇ ਪਾਪ-ਪੁੰਨ ਦੀਆਂ ਭਿੰਨ-ਭਿੰਨ 'ਕਸਵੱਟੀਆਂ' ਹਨ। ਮਿਸਾਲ ਦੇ ਤੌਰ ਤੇ ਇਕ ਪਾਸੇ 'ਜੀਵ ਹਤਿਆ' ਨੂੰ ਦੀਰਘ ਪਾਪ ਸਮਝਿਆ ਜਾਂਦਾ ਹੈ, ਦੂਜੇ ਪਾਸੇ ਜੀਵਾਂ ਦੀ ਕੁਰਬਾਨੀ ਦੇਣੀ ਪੁੰਨ ਹੀ ਨਹੀਂ ਬਲਕਿ ਪਰਮਾਰਥ ਦਾ ਵਿਸ਼ੇਸ਼ ਅੰਗ ਮੰਨਿਆ ਜਾਂਦਾ ਹੈ । ਸਾਡੀਆਂ ਕਚਹਿਰੀਆਂ ਵਿਚ ਜਿਸ ਤਰ੍ਹਾਂ ਕਈ ਦਰਜੇ ਦੇ 'ਜੁਰਮ' ਗਿਣੇ ਜਾਂਦੇ ਹਨ ਤੇ ਉਨ੍ਹਾਂ ਜੁਰਮਾਂ ਪਿਛੇ ਕਾਰਣ ਜਾਂ ਭਾਵਨਾ ਦਾ ਖਿਆਲ ਰਖਿਆ ਜਾਂਦਾ ਹੈ, ਉਸੇ ਤਰ੍ਹਾਂ ਸਾਡੇ ਮਾਨਸਿਕ ਪਾਪਾਂ ਦੇ ਭਿੰਨ-ਭਿੰਨ ਦਰਜੇ ਹਨ ।

ਸਾਡੇ ਪਾਪ ਤਿੰਨ ਕਿਸਮਾਂ ਵਿਚ ਵੰਡੇ ਜਾ ਸਕਦੇ ਹਨ—

1. ਸਰੀਰਕ ਪਾਪ—ਚੋਰੀ, ਯਾਰੀ, ਮਾਰ-ਕੁਟਾਈ ਆਦਿ ।

2. ਮਾਨਸਿਕ ਪਾਪ—ਸਾਡੇ ਮਨ ਦੀ ਮਲੀਨਤਾ ਅਤੇ ਗਿਰਾਵਟ ਤੋਂ ਉਤਪੰਨ ਹੁੰਦੇ ਹਨ, ਜਿਵੇਂ ਕਿ ਈਰਖਾ, ਦਵੈਤ, ਵੈਰ-ਵਿਰੋਧ ਆਦਿ ।

3. ਆਤਮਿਕ ਪਾਪ—ਸੰਤਾਂ, ਮਹਾਂ ਪੁਰਖਾਂ ਅਤੇ ਭਗਤਾਂ ਦੀ ਨਿੰਦਾ ਕਰਨੀ, ਦੁਖ ਦੇਣਾ ਅਤੇ ਜਗਿਆਸੂਆਂ ਦੇ ਉਦਮ ਨੂੰ ਵਿਰੋਧ ਨਾਲ ਦਬਾਉਣਾ ਯਾ ਬਦਨਾਮ ਕਰਨਾ ਅਥਵਾ ਭੰਬਲ-ਭੂਸਿਆਂ ਵਿਚ ਪਾ ਕੇ ਜੀਵਨ ਤਬਾਹ ਕਰਨਾ ਆਦਿ ।

ਅਸਲ ਵਿਚ ਨਾਲ ਲਿਖੇ 'ਹੁਕਮ' ਤੋਂ ਬੇ-ਸੁਰੇ ਹੋ ਕੇ ਹੀ ਹਉਮੈ ਦੇ ਅਧੀਨ ਨੀਵੇਂ ਖਿਆਲ, ਆਸਾ-ਮਾਨਸਾ, ਤੇ ਤ੍ਰਿਸ਼ਨਾ ਉਪਜਦੇ ਹਨ, ਜੋ ਕਿ ਸਾਰੇ ਨੀਵੇਂ ਕਰਮਾਂ ਤੇ ਪਾਪਾਂ ਦਾ 'ਮੂਲ' ਕਾਰਣ ਹੈ ।

ਮਨੁੱਖ 'ਆਪਣੇ ਭਾਣੇ' ਵਿਚ ਨੀਵੀਂ ਰੁਚੀ ਦੇ ਅਧੀਨ ਹੋ ਕੇ 'ਪਾਪ' ਕਮਾਉਂਦਾ ਹੋਇਆ, ਆਪਣਾ ਮਨ ਇੰਨਾ ਮਲੀਨ ਕਰ ਲੈਂਦਾ ਹੈ ਕਿ ਉਹ ਮੈਲੇ ਮਨ ਦੁਆਰਾ 'ਕਰਮ-ਬੱਧ' ਹੋ ਜਾਂਦਾ ਹੈ ਤੇ ਉਸ ਤੋਂ ਮੱਲੋ-ਮੱਲੀ ਆਪਣੇ-ਆਪ 'ਪਾਪ' ਹੁੰਦੇ ਰਹਿੰਦੇ ਹਨ। ਆਖਰ ਉਸ ਦੇ ਪਾਪਾਂ ਦੀ ਰੁਚੀ ਅਤੀ ਤੀਬਰ ਤੇ ਡੂੰਘੀ ਹੋ ਕੇ, ਉਸਦੇ ਤਨ-ਮਨ-ਅੰਤਿਸ਼ਕਰਨ ਵਿਚ ਧੱਸ-ਵੱਸ-ਰਸ ਜਾਂਦੀ ਹੈ ਤੇ ਉਹ ਆਪਣੇ ਆਪ ਰਸਾਤਲ ਵਲ ਰੁੜ੍ਹਿਆ ਜਾਂਦਾ ਹੈ ਤੇ ਆਪਣੀ ਤਬਾਹੀ ਦਾ ਕਾਰਣ ਬਣਦਾ ਹੈ ।

ਇਹ ਸਾਰੇ ਨੀਵੀਆਂ ਰੁਚੀਆਂ ਤੋਂ ਉਪਜੇ 'ਪਾਪ', ਮਾਇਆ ਦੇ ਭ੍ਰਮ-ਭੁਲਾਵੇ ਵਿਚ 'ਹਉਮੈ' ਤੇ 'ਮੈਂ-ਮੇਰੀ' ਦਾ ਪ੍ਰਤਿਬਿੰਬ ਜਾਂ ਪ੍ਰਗਟਾਵਾ ਹਨ।

ਅਕਾਲ ਪੁਰਖ ਦੀ ਗੈਰ ਹਾਜ਼ਰੀ ਜਾਂ ਭੁਲ ਤੋਂ ਹੀ ਮਾਇਆ ਦਾ 'ਭਰਮ' ਉਪਜਦਾ ਹੈ।

ਇਸ ਵਿਚਾਰ ਦਾ ਅੰਤਲਾ ਸਿੱਟਾ ਜਾਂ ਨਿਚੋੜ ਇਹ ਹੈ, ਕਿ ਅਕਾਲ ਪੁਰਖ ਦੀ 'ਭੁੱਲ' ਹੀ 'ਪਾਪ' ਅਤੇ 'ਯਾਦ' ਹੀ 'ਪੁੰਨ' ਹੈ।

ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ (ਪੰਨਾ-962)

ਏਸੇ ਤਰ੍ਹਾਂ 'ਜਮਾਂ' ਦੀ ਬਾਬਤ ਭੀ ਸਾਨੂੰ 'ਭਰਮ-ਭੁਲੇਖਾ' ਹੈ ਅਤੇ ਅਸੀਂ ਕਈ

ਡਰਾਉਣੀਆਂ ਸ਼ਕਲਾਂ ਵਾਲੇ ਮਨੋ-ਕਲਪਤ, ਰਾਖਸ਼, ਦੈਂਤ, ਦੇਵੀ-ਦੇਵਤੇ ਘੜੇ ਹੋਏ ਹਨ। ਦੂਜੇ ਪਾਸੇ ਸਾਡਾ ਨਿਸਚਾ ਹੈ ਕਿ ਰੱਬ ਦੀ ਦਰਗਾਹ ਵਿਚ ਕੋਈ ਦਫ਼ਤਰ ਹੋਵੇਗਾ ਜਿਸ ਵਿਚ ਸਾਡੇ ਲੇਖ ਲਿਖੇ ਜਾਂਦੇ ਹਨ ਅਤੇ ਅੰਤ ਨੂੰ ਮੌਤ ਤੋਂ ਉਪਰੰਤ 'ਦਫ਼ਤਰ' ਸੋਧਿਆ ਜਾਂਦਾ ਹੈ ਅਤੇ ਫੈਸਲੇ ਹੁੰਦੇ ਹਨ।

ਅਸਲ ਵਿਚ ਇਹ ਸਾਰਾ ਖੇਲ-ਅਖਾੜਾ 'ਸੂ ਖਮ ਇਲਾਹੀ ਹੁਕਮ' ਦਾ ਪਸਾਰਾ ਤੇ ਸਿਲਸਿਲਾ ਹੈ, ਜਿਸ ਨੂੰ ਪ੍ਰਭੂ ਆਪਣੇ 'ਹੁਕਮ' ਦੁਆਰਾ ਹੀ ਚਲਾਉਂਦਾ ਹੈ ।

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥.....
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ (ਪੰਨਾ-1)

ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥ (ਪੰਨਾ-786)

ਅੰਤਰ-ਆਤਮੇ ਹੁਕਮ ਦੀ ਸੂਖਮ ਸ੍ਵੈ-ਚਾਲਿਤ ਸ਼ਕਤੀ ਦੁਆਰਾ, ਸਾਡੇ ਚੰਗੇ-ਮਾੜੇ ਖਿਆਲਾਂ ਜਾਂ ਕਰਮਾਂ ਦੇ ਲੇਖ, ਅੰਤਿਸ਼ਕਰਨ ਰੂਪੀ ਕੰਪਿਊਟਰ ਵਿਚ ਨਾਲੋ-ਨਾਲ ਉਕਰੇ ਜਾਂਦੇ ਹਨ ।

ਇਹ ਅੰਤਿਸ਼ਕਰਨ ਦੇ ਲੇਖ ਜਾਂ ਰੰਗਤ ਹੀ ਸਾਡਾ 'ਚਾਲ-ਚਲਨ', ਸੁਭਾਉ ਜਾਂ ਭਾਗ ਹਨ, ਜੋ ਹਰ ਇਕ ਨਿਕੇ ਤੋਂ ਨਿੱਕੇ ਚੰਗੇ-ਮਾੜੇ ਖਿਆਲਾਂ ਜਾਂ ਕਰਮਾਂ ਨਾਲ ਆਪਣੇ -ਆਪ, ਅਣਜਾਣੇ ਹੀ ਬਦਲਦੇ ਰਹਿੰਦੇ ਹਨ, ਜਿਨ੍ਹਾਂ ਦਾ ਨਤੀਜਾ ਨਾਲੋ-ਨਾਲ ਜਾਂ ਸਮਾਂ ਪਾ ਕੇ ਭੋਗਣਾ ਪੈਂਦਾ ਹੈ ।

ਹੁਣ ਦੇ ਕਰਮ ਹੀ ਅਗਲੇ ਪਲ ਵਿਚ 'ਪੂਰਬ ਕਰਮ' ਬਣ ਜਾਂਦੇ ਹਨ, ਜੋ ਕਿ ਸਹਿਜੇ-ਸਹਿਜੇ 'ਧੁਰ ਕਰਮ' ਜਾਂ 'ਭਾਗ' ਬਣ ਜਾਂਦੇ ਹਨ। ਦੂਜੇ ਲਫ਼ਜ਼ਾਂ ਵਿਚ ਸਾਡੇ ਚੰਗੇ ਜਾਂ ਮਾੜੇ ਕਰਮਾਂ ਦਾ ਨਿਬੇੜਾ, ਇਲਾਹੀ ਹੁਕਮ ਅਨੁਸਾਰ, ਆਉਣ ਵਾਲੇ ਸਮੇਂ ਯਾ ਜਨਮ ਵਿਚ, ਦੁਖ ਜਾਂ ਸੁਖ ਭੋਗਣ ਦੇ ਨਾਲ ਹੀ ਹੁੰਦਾ ਹੈ । ਇਸ ਲਈ ਸਵਰਗ ਤੇ ਨਰਕ ਸਭ ਇਸੀ ਕੁਦਰਤ ਵਿਚ ਮੌਜੂਦ ਹਨ ।

ਮਨ ਮੂਰਖ ਕਾਹੇ ਬਿਲਲਾਈਐ ॥
ਪੁਰਬ ਲਿਖੇ ਕਾ ਲਿਖਿਆ ਪਾਈਐ ॥ (ਪੰਨਾ-283)

ਦਿਨੁ ਰਾਤਿ ਕਮਾਇਅੜੋ ਸੋ ਆਇਓ ਮਾਥੈ ॥ (ਪੰਨਾ-461)

ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ ॥ (ਪੰਨਾ-580)

ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥
ਜੇਹੇ ਕਰਮ ਕਮਾਇ ਤੇਹਾ ਹੋਇਸੀ ॥ (ਪੰਨਾ-730)

'ਜੇਹਾ ਬੀਜੈ ਸੋ ਲੁਣੈ' ਵਾਲੀ ਹਕੀਕਤ ਨੂੰ ਮਨ-ਬਚ-ਕਰਮ ਦੁਆਰਾ ਦ੍ਰਿੜ

ਕਰਕੇ, ਹਉਮੈ-ਰਹਿਤ ਜੀਵਨ ਬਣਾਉਣ ਨਾਲ ਜਗਿਆਸੂ ਦੇ ਸਾਰੇ ਲੇਖ ਸਹਿਜੇ ਸਹਿਜੇ ਖਤਮ ਹੋ ਜਾਂਦੇ ਹਨ ।

ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥ (ਪੰਨਾ-614)

ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥ (ਪੰਨਾ-698)

ਤਾਂ ਤੇ ਸਾਡਾ ਮਨ ਅਥਵਾ ਅੰਤਿਸ਼ਕਰਨ ਹੀ ਧਰਮਰਾਜ ਦਾ ਦਫ਼ਤਰ ਹੈ । ਪਰ, ਅਸੀਂ 'ਅਕਲਿ ਲਤੀਫ' ਹੁੰਦਿਆਂ ਹੋਇਆ ਭੀ 'ਕਾਲੇ ਲੇਖ' ਲਿਖੀ ਜਾ ਰਹੇ ਹਾਂ। ਆਪਣੇ ਫੁਰਨਿਆਂ, ਖਿਆਲਾਂ, ਵਲਵਲਿਆਂ ਅਤੇ ਕਰਮਾਂ ਦੀ ਪੜਚੋਲ ਕਰਕੇ ਮਨੁਖ ਖੁਦ ਹੀ ਫੈਸਲਾਂ ਕਰ ਸਕਦਾ ਹੈ ਕਿ ਮੇਰਾ ਲੇਖਾ ਕਿਹੋ ਜਿਹਾ ਹੈ।

ਇਹ ਸਾਰੀ 'ਗੁਪਤ' ਇਲਾਹੀ ਪੈਰਵੀ ਜਾਂ ਕਾਰਵਾਈ 'ਹੁਕਮ' ਅਨੁਸਾਰ ਚੁਪ-ਚੁਪੀਤੇ ਹੋ ਰਹੀ ਹੈ, ਜੋ ਸੱਚੋ-ਸੱਚ ਅਤੇ 'ਧਰਮ-ਨਿਆਇ' ਹੈ ।

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ (ਪੰਨਾ-8)

ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ ॥ (ਪੰਨਾ-1241)

ਇਸ ਲਈ ਸਪਸ਼ਟ ਹੈ, ਕਿ ਸਾਡੀ 'ਸੁਰਤ' ਜਾਂ 'ਮਨ' ਹੀ 'ਚਿਤ੍ਰ-ਗੁਪਤ' ਹੈ, ਜੋ ਕਿ ਸਾਡੀ ਜਿੰਦਗੀ ਦੀ ਫ਼ਿਲਮ ਅਥਵਾ 'ਚਿਤ੍ਰ' ਗੁਪਤ ਤੌਰ ਤੇ ਦਰਜ਼ ਕਰ ਲੈਂਦਾ ਹੈ ।

ਸਵਰਗ-ਨਰਕ ਪ੍ਰਥਾਇ ਭੀ ਗੁਰਬਾਣੀ ਵਿਚ ਇਉਂ ਨਿਰਨਾ ਕੀਤਾ ਗਿਆ ਹੈ—

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ॥
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥ (ਪੰਨਾ-337)

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥ (ਪੰਨਾ-969)

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥ (ਪੰਨਾ-1370)

ਉਪਰਲੀਆਂ ਵਿਚਾਰਾਂ ਦੁਆਰਾ ਸਪਸ਼ਟ ਹੁੰਦਾ ਹੈ ਕਿ—

ਅਸੀਂ ਨੀਵੇਂ ਅਤੇ ਭੈੜੇ ਕਰਮਾਂ ਦੁਆਰਾ ਜਮਾਂ ਦੇ ਵਸ ਪੈਂਦੇ ਹਾਂ ।

ਨੀਵੇਂ ਕਰਮ ਸਾਡੀਆਂ ਨੀਵੀਆਂ ਰੁਚੀਆਂ ਤੋਂ ਪ੍ਰਗਟ ਹੁੰਦੇ ਹਨ ।

ਨੀਵੀਆਂ ਰੁਚੀਆਂ, ਸਾਡੇ ਅੰਤਿਸ਼ਕਰਨ ਦੀ 'ਰੰਗਤ' ਅਤੇ ਬਾਹਰਲੀ 'ਕੁਸੰਗਤ' ਤੋਂ ਬਣਦੀਆਂ ਹਨ ।

'ਅੰਤਿਸ਼ਕਰਨ' ਸਾਡੇ ਪਿਛਲੇ ਕਰਮਾਂ ਅਤੇ ਹੁਣ ਦੇ ਖਿਆਲਾਂ ਅਨੁਸਾਰ ਬਣਦੇ ਹਨ।

ਨੀਵੇਂ ਖਿਆਲ ਜਾਂ ਕਰਮ ਹਉਮੈ ਦੇ ਹਨੇਰ ਵਿਚੋਂ ਉਪਜਦੇ ਤੇ ਪਲਦੇ ਹਨ ।

'ਹਉਮੈ' ਤ੍ਰੈ-ਗੁਣੀ ਮਾਇਕੀ ਮੰਡਲ ਦਾ ਭਰਮ-ਭੁਲਾਵਾ ਹੈ ।

'ਮਾਇਆ' ਅਕਾਲ ਪੁਰਖ ਦੀ ਗੈਰ ਹਾਜ਼ਰੀ ਜਾਂ ਭੁਲ ਤੋਂ ਉਪਜੀ ਹੈ ।

'ਪਰਮੇਸ਼ਰ' ਤੋਂ 'ਭੁਲਣਾ' ਜਾਂ 'ਬੇਮੁਖ' ਹੋਣਾ ਹੀ ਜਮਾਂ ਦੇ ਵਸ ਪੈਣਾ ਹੈ ।

ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ ॥ (ਪੰਨਾ-964)

ਮਨ ਕਹਾ ਬਿਸਾਰਿਓ ਰਾਮ ਨਾਮੁ ॥
ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥ (ਪੰਨਾ-1186)

ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥
ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ ॥ (ਪੰਨਾ-1247)

ਜਦ ਅਸੀਂ ਨਾਮ ਦੀ ਰੋਸ਼ਨੀ ਜਾਂ ਰਬ ਦੀ ਯਾਦ ਵਿਚੋਂ ਨਿਕਲ ਕੇ, ਮਾਇਕੀ ਹਨੇਰੀ ਦੁਨੀਆਂ ਯਾਨੀ 'ਰੱਬ ਦੀ ਭੁੱਲ' ਵਿਚ ਵਸਦੇ ਹਾਂ, ਤਾਂ ਸਾਨੂੰ ਹਨੇਰ-ਰੂਪੀ ਮਾਇਕੀ 'ਜਮਾਂ' ਨਾਲ ਵਾਹ ਪੈਂਦਾ ਹੈ, ਅਤੇ ਅਸੀਂ ਜਮਾਂ ਦੀ ਸਰਕਾਰ ਹੇਠ ਆ ਜਾਂਦੇ ਹਾਂ ਅਤੇ ਜਮਾਂ ਦੇ ਚੀਰੇ ਜਾਂ ਲੇਖੇ ਵਿਚ ਵਿਚਰਦੇ ਹਾਂ ਅਤੇ ਜਮਾਂ ਦੀ 'ਫਾਂਸੀ' 'ਗਲ' ਪੈ ਜਾਂਦੀ ਹੈ, ਜਿਸ ਕਾਰਨ ਅਸੀਂ 'ਜਮਾਂ ਦੇ ਠੇਂਗੇ' ਜੀਉਂਦੇ ਭੀ ਅਤੇ ਮਰ ਕੇ ਭੀ ਸਹਿਦੇ ਰਹਿੰਦੇ ਹਾਂ ।

ਤ੍ਰੈ-ਗੁਣੀ ਮਾਇਕੀ ਮੰਡਲ ਦੇ 'ਅਉਗਣ' ਅਤੇ ਆਤਮਿਕ-ਪ੍ਰਕਾਸ਼ ਮੰਡਲ ਦੇ 'ਗੁਣ', ਇਕ-ਦੂਜੇ ਦੇ ਵਿਰੋਧੀ, ਮੁਤਜ਼ਾਦ ਅਤੇ ਉਲਟ ਹਨ। ਇਹਨਾਂ ਦੋਹਾਂ ਮੰਡਲਾਂ ਨੂੰ ਸਮਝ ਗੋਚਰਾ ਕਰਨ ਲਈ ਹੇਠਲਾ ਬਿਉਰਾ ਦਿਤਾ ਜਾਂਦਾ ਹੈ —

| ਆਤਮ ਮੰਡਲ ਦੇ ਪ੍ਰਕਾਸ਼ ਦਾ ਨਿਰਗੁਣ ਸਰੂਪ | ਮਾਇਕੀ ਮੰਡਲ ਦੇ 'ਭਰਮ' ਦਾ ਸਰਗੁਣ ਅਤੇ ਮਾਨਸਿਕ ਸਰੂਪ |
|---|---|
| ਇਕੋ ਇਕ ਹੈ | ਅਨੇਕਤਾ ਹੈ |
| ਸੱਚ ਹੈ | ਕੂੜ ਹੈ |
| ਅਬਿਨਾਸੀ ਹੈ | ਨਾਸਵੰਤ ਹੈ |
| ਤੱਤ-ਗਿਆਨ ਹੈ | ਫੋਕਾ ਦਿਮਾਗੀ ਗਿਆਨ ਹੈ |
| ਅਨੰਤ ਹੈ | ਸੀਮਤ ਹੈ |
| ਸੂਖਮ ਹੈ | ਅਸਥੂਲ ਹੈ |
| ਅਨਾਮ ਹੈ | ਅਨੇਕਾਂ ਨਾਮ ਹਨ |
| ਬਖਸ਼ਿਸ਼ ਰੂਪ ਹੈ | ਡੰਡ ਦੇਣ ਵਾਲਾ ਹੈ |
| ਦਾਤਾ ਹੈ | ਮੰਗਤਾ ਹੈ |
| ਮਿਠ ਬੋਲੜਾ ਹੈ | ਕੌੜਾ ਬੋਲਣਾ ਹੈ |

| | |
|---|---|
| ਗੁਣਾਂ ਦਾ ਸੋਮਾ ਹੈ | ਅਉਗੁਣਾਂ ਦਾ ਚਸ਼ਮਾ ਹੈ |
| ਪਿਆਰ ਹੈ | ਨਫ਼ਰਤ ਹੈ |
| ਮਿਲਾਪ ਹੈ | ਵਿਛੋੜਾ ਹੈ |
| ਖਿੱਚ ਹੈ | ਤਿਰਸਕਾਰ ਹੈ |
| ਸਤਿਜੁਗ ਹੈ | ਕਲਜੁਗ ਹੈ |
| ਪਰ-ਸੁਆਰਥੀ ਹੈ | ਨਿਜ-ਸੁਆਰਥੀ ਹੈ |
| 'ਹਥਹੁ ਦੇ ਕੈ ਭਲਾ ਮਨਾਵੈ' ਹੈ | 'ਖੁਸਿ ਖੁਸਿ ਲੈਦਾ ਵਸਤੁ ਪਰਾਈ' ਹੈ |
| 'ਜਮ ਨੇੜ ਨ ਆਵੈ' ਹੈ | 'ਜਮ ਕਰੇ ਖੁਆਰੀ' ਹੈ |
| ਰਬੀ ਭਾਣਾ ਹੈ | ਆਪਣਾ ਭਾਣਾ ਹੈ |
| ਸਦਾ ਸੁਖ ਹੈ | ਸਦਾ ਦੁਖ ਹੈ |
| ਸਦਾ ਪ੍ਰਕਾਸ਼ ਹੈ | ਭਰਮ ਦਾ ਅੰਧਕਾਰ ਹੈ |
| ਅਟੱਲ ਮਹਿਲ ਹੈ | 'ਧੂਏਂ ਕਾ ਪਹਾਰ' ਹੈ । |

ਇਸ ਬਿਉਰੇ ਤੋਂ ਸਪਸ਼ਟ ਹੈ ਕਿ —

| | |
|---|---|
| ਅਕਾਲ ਪੁਰਖ ਤੋਂ ਅਸ਼ਰਧਕ ਯਾ ਬੇਮੁਖ ਹੋਣਾ | —ਭਰਮ ਹੈ । |
| ਦ੍ਰਿਸ਼ਟਮਾਨ ਝੂਠੀ ਦੁਨੀਆਂ ਨੂੰ ਸੱਚ ਸਮਝਣਾ | —ਭਰਮ ਹੈ । |
| ਹਉਮੈ ਅਥਵਾ 'ਮੈਂ-ਮੇਰੀ' ਵਿਚ ਵਿਚਰਨਾ | —ਭਰਮ ਹੈ । |
| ਵਿਸ਼ੇ-ਵਿਕਾਰਾਂ ਵਿਚ ਗਲਤਾਨ ਹੋਣਾ | —ਭਰਮ ਹੈ । |
| ਮੋਹ-ਮਾਇਆ ਵਿਚ ਫਸਣਾ | —ਭਰਮ ਹੈ । |
| ਈਰਖਾ-ਦਵੈਤ ਅਤੇ ਵੈਰ-ਵਿਰੋਧ ਵਿਚ ਵਿਚਰਨਾ | —ਭਰਮ ਹੈ । |
| ਅਮੋਲਕ ਜੀਵਨ ਨੂੰ ਝੂਠੀ ਮਾਇਆ ਵਿਚ ਰੋਲਣਾ | —ਭਰਮ ਹੈ । |
| ਰੁਖਾ-ਸੁਕਾ ਦਿਮਾਗੀ ਗਿਆਨ ਘੋਟਣਾ | —ਭਰਮ ਹੈ । |
| ਹਉਮੈ ਵਿਚ ਕੀਤੇ ਪਰਉਪਕਾਰ ਤੇ ਨੇਕੀਆਂ | —ਭਰਮ ਹੈ । |
| ਦਿਮਾਗੀ ਪੱਧਰ ਦੇ ਨਿਸਚੇ ਅਥਵਾ ਸ਼ਰਧਾ-ਭਾਵਨੀਆਂ | —ਭਰਮ ਹੈ । |
| ਮਨੋਕਲਪਤ ਦਿਮਾਗੀ ਧਾਰਮਿਕ ਪ੍ਰਾਪਤੀਆਂ | —ਭਰਮ ਹੈ । |
| 'ਦੈਵੀ ਜੀਵਨ' ਤੋਂ ਅਣਜਾਣ ਅਤੇ ਬੇਪ੍ਰਵਾਹ ਰਹਿਣਾ | —ਭਰਮ ਹੈ । |
| ਅਕਾਲ ਪੁਰਖ ਨੂੰ ਵਿਸਾਰਨਾ ਯਾ ਭੁਲਣਾ | —ਭਰਮ ਹੈ । |

ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥
ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸੁ ॥ (ਪੰਨਾ-346)

ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥ (ਪੰਨਾ-655)

ਬਹੁਤੁ ਸਿਆਣਪ ਭਰਮੁ ਨ ਜਾਏ ॥ (ਪੰਨਾ-1025)

ਮਨੁ ਕਠੋਰੁ ਦੂਜੈ ਭਾਇ ਲਾਗਾ ॥
ਭਰਮੇ ਭੂਲਾ ਫਿਰੈ ਅਭਾਗਾ ॥ (ਪੰਨਾ-1061)

ਧੰਧਾ ਕਰਤ ਸਗਲੀ ਪਤਿ ਖੋਵਸਿ ਭਰਮੁ ਨ ਮਿਟਸਿ ਗਵਾਰਾ ॥ (ਪੰ.-1127)

ਇਹੋ ਜਿਹੇ ਅਨੇਕਾਂ 'ਮਾਨਸਿਕ ਭਰਮ' ਸਾਡੇ ਨਾਲ ਪਲ-ਪਲ, ਨਿਮਖ-ਨਿਮਖ, ਦਿਨਸ-ਰਾਤ, ਸਾਰੀ ਉਮਰ 'ਪ੍ਰੇਤ' ਵਾਂਗ ਚਿੰਬੜੇ ਰਹਿੰਦੇ ਹਨ ਅਤੇ ਇਸ ਭਰਮ-ਗੜ੍ਹ ਵਿਚ ਹੀ ਅਸੀਂ ਜਨਮਾਂ-ਜਨਮਾਂ ਤੋਂ ਮਾਇਕੀ ਜੀਵਨ ਵਿਚ ਪ੍ਰਵਿਰਤ ਹੁੰਦੇ ਅਤੇ ਪਲਚਦੇ ਆਏ ਹਾਂ।

ਮਾਇਆ ਮੋਹਿ ਕੜੇ ਕੜਿ ਪਚਿਆ ॥
ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ ॥ (ਪੰਨਾ-1140)

ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ਹੀ ਬਿਰਥਾ ਜਨਮੁ ਗਵਾਇਆ ॥ (ਪੰ.-852)

ਮਨੁਖਤਾ ਦੀ ਐਸੀ ਭਰਮ-ਮਈ ਦੁਰਦਸ਼ਾ ਨੂੰ ਵੇਖ ਕੇ, ਗੁਰੂ ਸਾਹਿਬਾਂ ਨੇ ਗੁਰਬਾਣੀ ਦੁਆਰਾ ਜੀਵ ਨੂੰ ਇਉਂ ਤਾੜਨਾ ਕੀਤੀ ਹੈ—

ਰੇ ਨਰ ਇਹ ਸਾਚੀ ਜੀਅ ਧਾਰਿ ॥
ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥
ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ ॥
ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ॥
ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ ਲੇ ਨਾਮੁ ਮੁਰਾਰਿ ॥
ਕਹੁ ਨਾਨਕ ਨਿਜ ਮਤੁ ਸਾਧਨ ਕਉ ਭਾਖਿਓ ਤੋਹਿ ਪੁਕਾਰਿ ॥ (ਪੰਨਾ-633)

ਛੋਡਿ ਜਾਹਿ ਸੇ ਕਰਹਿ ਪਰਾਲ ॥ ਕਾਮਿ ਨ ਆਵਹਿ ਸੇ ਜੰਜਾਲ ॥
ਸੰਗਿ ਨ ਚਾਲਹਿ ਤਿਨ ਸਿਉ ਹੀਤ ॥ ਜੋ ਬੈਰਾਈ ਸੇਈ ਮੀਤ ॥
ਐਸੇ ਭਰਮਿ ਭੁਲੇ ਸੰਸਾਰਾ ॥ ਜਨਮੁ ਪਦਾਰਥੁ ਖੋਇ ਗਵਾਰਾ ॥
ਸਾਚੁ ਧਰਮੁ ਨਹੀ ਭਾਵੈ ਡੀਠਾ ॥ ਝੂਠ ਧੋਹ ਸਿਉ ਰਚਿਓ ਮੀਠਾ ॥
ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਜਾਣੈ ਨਾਹੀ ਮਰਣੁ ਵਿਚਾਰਾ ॥
ਵਸਤੁ ਪਰਾਈ ਕਉ ਉਠਿ ਰੋਵੈ ॥ ਕਰਮ ਧਰਮ ਸਗਲਾ ਈ ਖੋਵੈ ॥
ਹੁਕਮੁ ਨ ਬੂਝੈ ਆਵਣ ਜਾਣੇ॥ ਪਾਪ ਕਰੈ ਤਾ ਪਛੋਤਾਣੇ ॥ (ਪੰਨਾ - 676)

(ਚਲਦਾ......)